**Series ЄFGHE/C** **Set-4**

**Q.P. Code 224**

Roll No. [ ][ ][ ][ ][ ][ ][ ][ ]

Candidates must write the Q.P. Code on the title page of the answer-book.

# ਗ੍ਰਹਿ ਵਿਗਿਆਨ (ਥਿਯੋਰੀ)

## (ਪੰਜਾਬੀ ਉਲਥਾ)

# HOME SCIENCE (Theory)

## (Punjabi Version)

*ਸਮਾਂ ਸੀਮਾ : **3** ਘੰਟੇ* *ਪੂਰਨ ਅੰਕ : **70***

*Time allowed : **3** hours* *Maximum Marks : **70***

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **35** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **11** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **35** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

*

***ਵਿਆਪਕ ਨਿਰਦੇਸ਼ :***

*ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

*(i)* ***ਸਾਰੇ*** *ਪ੍ਰਸ਼ਨ* ***ਜ਼ਰੂਰੀ*** *ਹਨ ।*

*(ii)* *ਇਸ ਪ੍ਰਸ਼ਨ-ਪੱਤਰ ਵਿਚ* ***35*** *ਪ੍ਰਸ਼ਨ ਹਨ ।*

*(iii)* *ਪ੍ਰਸ਼ਨ-ਪੱਤਰ ਨੂੰ* ***ਤਿੰਨ*** *ਖੰਡਾਂ ਵਿਚ ਵੰਡਿਆ ਗਿਆ ਹੈ –* ***ਖੰਡ ੳ, ਅ*** *ਅਤੇ* ***ੲ*** *।*

*(iv)* ***ਖੰਡ ੳ*** *ਵਿੱਚ ਪ੍ਰਸ਼ਨ ਸੰਖਿਆ* ***1*** *ਤੋਂ* ***18*** *(ਬਹੁ-ਵਿਕਲਪੀ ਪ੍ਰਸ਼ਨ) ਹਨ ਅਤੇ ਹਰੇਕ ਪ੍ਰਸ਼ਨ 1 ਅੰਕ ਦਾ ਹੈ ।*

*(v)* ***ਖੰਡ ਅ*** *ਵਿੱਚ ਪ੍ਰਸ਼ਨ ਸੰਖਿਆ* ***19*** *ਤੋਂ* ***25*** *ਹਰੇਕ ਪ੍ਰਸ਼ਨ 2 ਅੰਕ ਦਾ ਅਤੇ ਪ੍ਰਸ਼ਨ ਸੰਖਿਆ* ***26*** *ਤੋਂ* ***29*** *ਹਰੇਕ ਪ੍ਰਸ਼ਨ 3 ਅੰਕ ਦਾ ਹੈ ।*

*(vi)* ***ਖੰਡ ੲ*** *ਵਿੱਚ ਪ੍ਰਸ਼ਨ ਸੰਖਿਆ* ***30*** *ਤੋਂ* ***33*** *ਹਰੇਕ ਪ੍ਰਸ਼ਨ 4 ਅੰਕ ਦਾ ਅਤੇ ਪ੍ਰਸ਼ਨ ਸੰਖਿਆ* ***34*** *ਅਤੇ* ***35*** *ਹਰੇਕ ਪ੍ਰਸ਼ਨ 5 ਅੰਕ ਦਾ ਹੈ ।*

*(vii)* *ਕੁਝ ਪ੍ਰਸ਼ਨਾਂ ਵਿਚ ਆਂਤਰਿਕ ਵਿਕਲਪ ਦਿਤੇ ਗਏ ਹਨ ।*

*(viii)* *ਜਿੱਥੇ ਵੀ ਜ਼ਰੂਰੀ ਹੋਵੇ, ਢੁੱਕਵੀਆਂ ਉਦਾਹਰਨਾਂ ਸਹਿਤ ਆਪਣੇ ਉੱਤਰ ਦੀ ਪੁਸ਼ਟੀ ਕਰੋ ।*

## ਖੰਡ ੳ

**1.** ਰੈੱਡ ਰਿਬਨ ਐਕਸਪ੍ਰੈੱਸ (ਆਰ.ਆਰ.ਈ.) ਕਿਹੜੇ ਰੋਗਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਦੇਸ਼ ਭਰ ਦਾ ਅਭਿਆਨ ਸੀ ? *1*

(a) ਟੀ.ਬੀ.
(b) ਪੋਲੀਓ
(c) ਏਡਜ਼
(d) ਦਸਤ

**2.** ਭਾਰਤ ਸਰਕਾਰ ਦੀ _________ ਯੋਜਨਾ ਵਿੱਚ ਕੁੜੀਆਂ ਨੂੰ ਸਕੂਲੀ ਸਿੱਖਿਆ ਵਿੱਚ ਪ੍ਰਵੇਸ਼ ਪੱਧਰ ਦੀ ਤਿਆਰੀ ਲਈ ਬ੍ਰਿਜ ਕੋਰਸ (ਸੇਤੂ ਪਾਠਕ੍ਰਮ) ਦਾ ਅਧਿਐਨ ਕਰਾਇਆ ਜਾਂਦਾ ਹੈ । *1*

(a) ਬੇਟੀ ਬਚਾਓ ਬੇਟੀ ਪੜ੍ਹਾਓ
(b) ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ
(c) ਲਾਡਲੀ ਯੋਜਨਾ
(d) ਸੁਕੰਨਿਆ ਸਮ੍ਰਿੱਧੀ ਯੋਜਨਾ

**3.** __________ ਹੋਟਲ ਵਿੱਚ ਮਹਿਮਾਨਾਂ ਦੀ ਆਮਦ ਉੱਤੇ ਉਨ੍ਹਾਂ ਦਾ ਸਵਾਗਤ ਕਰਦਾ ਹੈ ਅਤੇ ਉਨ੍ਹਾਂ ਨੂੰ ਪੰਜੀਕਰਨ ਡੇਸਕ ਤੱਕ ਪਹੁੰਚਾਉਂਦਾ ਹੈ । *1*

(a) ਬੈੱਲ ਬੁਆਏ
(b) ਬੈੱਲ ਕਪਤਾਨ
(c) ਦਰਬਾਨ
(d) ਲੌਬੀ ਮੈਨੇਜਰ

4. ਗਰੀਬ ਔਰਤਾਂ ਨੂੰ ਸੂਚਨਾ ਤੇ ਸੰਚਾਰ ਤਕਨੀਕ ਦੀ ਸਿੱਖਿਆ ਦੇਣ ਲਈ ਸਮੁਦਾਏ ਸਿੱਖਿਆ ਕੇਂਦਰ ਕਿਹੜੀ ਸੰਸਥਾ ਜਾਂ ਪ੍ਰੋਜੈਕਟ ਅਧੀਨ ਸਥਾਪਤ ਕੀਤੇ ਗਏ ? *1*

(a) ਛਤੇਰਾ ਗ੍ਰਾਮ ਪ੍ਰੋਜੈਕਟ (b) ਸੇਵਾ

(c) ਨਾਕੋ (d) ਯੂਨੀਸੈਫ

5. ਦ੍ਰਿਸ਼ ਵਪਾਰ ਡਿਜ਼ਾਈਨਰ ਕਿਸ ਲਈ ਜਿੰਮੇਵਾਰ ਹੁੰਦਾ ਹੈ ? *1*

(a) ਕਪੜਿਆਂ ਅਤੇ ਪਰਿਧਾਨਾਂ ਦੀ ਰਚਨਾ ਕਰਨਾ

(b) ਚਲਚਿੱਤਰਾਂ ਲਈ ਜ਼ਰੂਰੀ ਡਿਜ਼ਾਈਨ ਦੀ ਰਚਨਾ ਕਰਨਾ

(c) ਦੁਕਾਨਾਂ ਵਿੱਚ ਸਮਾਨ ਦਾ ਪ੍ਰਬੰਧ ਅਤੇ ਪੁਤਲਿਆਂ ਨੂੰ ਆਕਰਸ਼ਨ ਢੰਗ ਨਾਲ ਸਜਾਉਣਾ

(d) ਖ੍ਰੀਦੋ ਫਰੋਖ਼ਤ (ਖਰੀਦਣਾ ਅਤੇ ਵੇਚਣਾ)

6. ਦਿੱਤੇ ਗਏ ਚਿੱਤਰ ਵਿੱਚ ਹਸਤਸ਼ਿਲਪ ਨੂੰ ਪਛਾਣੋ ਅਤੇ ਉਸ ਰਾਜ ਦਾ ਨਾਂ ਦੱਸੋ ਜਿੱਥੇ ਇਹ ਹਰਮਨ ਪਿਆਰਾ ਹੈ । *1*



(a) ਕਰਨਾਟਕ ਦੀ ਚੱਨਪਟਨ ਦੀ ਮੂਰਤਿਆਂ (b) ਰਾਜਸਥਾਨ ਦਾ ਕਠਪੁਤਲੀ ਸ਼ਿਲਪ

(c) ਅਸਮ ਦਾ ਬਾਂਸ ਸ਼ਿਲਪ (d) ਕੇਰਲ ਦਾ ਨਾਰਿਅਲ ਸ਼ਿਲਪ

*ਹੇਠ ਲਿਖੇ ਪ੍ਰਸ਼ਨ ਸਿਰਫ **ਨੇਤ੍ਰਹੀਣ ਵਿਦਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **6** ਦੀ ਥਾਂ ਤੇ ਹੈ ।*

ਓੜੀਸ਼ਾ ਦੇ ਪ੍ਰਮੁੱਖ ਹਸਤਸ਼ਿਲਪ ਦਾ ਨਾਂ ਦਸੋ ।

(a) ਸ਼ੋਲਾ ਸ਼ਿਲਪ (b) ਕਸੀਦਾਕਾਰੀ

(c) ਪੱਥਰ ਦੀ ਮੂਰਤੀ ਕਲਾ (d) ਵਾਰਲੀ ਚਿੱਤਰਕਲਾ

**7.** 'ਕੰਜ਼ਿਉਮਰ ਰਿਪੋਰਟਸ' ਕਿਹੜੇ ਦੇਸ਼ ਦੇ ਉਪਭੋਗਤਾ ਸੰਘ ਦਾ ਪ੍ਰਕਾਸ਼ਨ ਹੈ ? *1*

(a) ਸੰਯੁਕਤ ਰਾਜ ਅਮਰੀਕਾ
(b) ਯੂਨਾਇਟਡ ਕਿੰਗਡਮ
(c) ਭਾਰਤ
(d) ਆਸਟਰੇਲੀਆ

**8.** ਹੇਠ ਲਿਖਿਆਂ ਵਿੱਚੋਂ ਕਿਹੜਾ ਸਫ਼ਲ ਉੱਦਮੀਆਂ ਦਾ ਲੱਛਣ ***ਨਹੀਂ*** ਹੈ ? *1*

(a) ਲਚਕੀਲਾਪਣ
(b) ਸਿੱਖਣ ਦੀ ਇੱਛਾ
(c) ਜ਼ੋਖਮ ਨਾ ਉਠਾਉਣਾਂ
(d) ਚੰਗੇ ਸੰਚਾਰ ਕੌਸ਼ਲ

**9.** ਹੇਠ ਲਿਖਿਆਂ ਦਾ ਮਿਲਾਨ ਕਰੋ : *1*

| | | | |
|---|---|---|---|
| i. | ਕ੍ਰੈਚ/ਸ਼ਿਸ਼ੂ ਕੇਂਦਰ | 1. | ਜਨਮ ਤੋਂ ਲੈਕੇ ਅੱਠ ਸਾਲ |
| ii. | ਆਂਗਨਵਾੜੀ | 2. | 2 ਤੋਂ 3 ਸਾਲ |
| iii. | ਟੋਡਲਰ | 3. | ਬੱਚਿਆਂ ਦੀ ਵੈਕਲਪਿਕ ਦੇਖਭਾਲ |
| iv. | ਈ.ਸੀ.ਸੀ.ਈ. | 4. | ਆਈ.ਸੀ.ਡੀ.ਐੱਸ. |

ਸਹੀ ਵਿਕਲਪ ਚੁਣੋ :

(a) i – 2, ii – 3, iii – 4, iv – 1
(b) i – 3, ii – 4, iii – 2, iv – 1
(c) i – 1, ii – 4, iii – 2, iv – 3
(d) i – 4, ii – 1, iii – 3, iv – 2

**10.** ਹੇਠ ਲਿਖਿਆਂ ਦਾ ਮਿਲਾਨ ਕਰੋ : *1*

| | | | |
|---|---|---|---|
| i. | ਹਾਲਮਾਰਕ | 1. | ਰੇਸ਼ਮੀ ਸਾੜੀ |
| ii. | ਵੂਲਮਾਰਕ | 2. | ਸੋਨਾ ਅਤੇ ਚਾਂਦੀ ਦੇ ਗਹਿਣੇ |
| iii. | ਆਈ.ਐੱਸ.ਆਈ. ਮਾਰਕ | 3. | ਕੰਬਲ |
| iv. | ਸਿਲਕ ਮਾਰਕ | 4. | ਬਿਜਲੀ ਦੇ ਉਪਕਰਨ |

ਸਹੀ ਵਿਕਲਪ ਚੁਣੋ :

(a) i – 2, ii – 1, iii – 4, iv – 3
(b) i – 1, ii – 4, iii – 2, iv – 3
(c) i – 3, ii – 4, iii – 2, iv – 1
(d) i – 2, ii – 3, iii – 4, iv – 1

11. ਇੱਕ ਫਰਾਕ ਵਿੱਚ 'ਦੁਹਰਾਣਾ' ਹੇਠ ਲਿਖਿਆਂ ਵਿੱਚੋਂ ਕਿਹੜੇ ਤਰੀਕਿਆਂ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ ? *1*

(i) ਬਟਨਾਂ ਦੇ ਆਕਾਰ ਵਿਚ ਕ੍ਰਮਵਾਰ ਵਾਧਾ ਕਰਕੇ

(ii) ਗਲੇ ਅਤੇ ਬਾਹਾਂ ਉੱਤੇ ਕਸੀਦਾਕਾਰੀ ਦੀ ਵਰਤੋਂ ਕਰਕੇ

(iii) ਕਾਲਰ, ਜੇਬਾਂ ਅਤੇ ਹੇਠਲੇ ਕਿਨਾਰਿਆਂ ਉੱਤੇ ਲੇਸ ਦੀ ਵਰਤੋਂ ਕਰਕੇ

(iv) ਵਿਚਕਾਰ ਵੱਡੇ ਪੈਚ ਦੀ ਵਰਤੋਂ ਕਰਕੇ

ਸਹੀ ਵਿਕਲਪ ਚੁਣੋ :

(a) (i) ਅਤੇ (ii) (b) (ii) ਅਤੇ (iii)

(c) (iii) ਅਤੇ (iv) (d) (i) ਅਤੇ (iv)

12. ਨੋਰਾ ਕਿਊਬਰਾਲ ਅਨੁਸਾਰ 'ਵਿਕਾਸ ਸੰਚਾਰ' ਸ਼ਬਦ ਦਾ ਅਰਥ ਹੈ : *1*

(i) ਕਲਾ ਅਤੇ ਮਾਨਵੀ ਸੰਚਾਰ ਦਾ ਵਿਗਿਆਨ

(ii) ਮਸਤਿਕ ਅਤੇ ਸਰੀਰ ਦੀ ਸ਼ੁੱਧੀ ਸੁਨਿਸ਼ਚਿਤ ਕਰਨੀ

(iii) ਵੰਚਿਤ ਸਮਾਜ ਦੇ ਵਿਕਾਸ ਦੀ ਗਤੀ ਨੂੰ ਤੇਜ਼ ਕਰਨਾ

(iv) ਭਾਈਚਾਰੇ ਦੇ ਵਿਕਾਸ ਨੂੰ ਰੋਕਣਾ

ਸਹੀ ਵਿਕਲਪ ਚੁਣੋ :

(a) (ii) ਅਤੇ (iv) (b) (i) ਅਤੇ (iv)

(c) (i) ਅਤੇ (iii) (d) (ii) ਅਤੇ (iii)

13. ਸ਼੍ਰੀਮਤੀ ਰੇਖਾ ਦੀ ਲੰਬਾਈ ਘੱਟ ਅਤੇ ਭਾਰ ਜ਼ਿਆਦਾ ਹੈ । ਉਹ ਆਪਣੀ ਕੁੜਤੀ ਲਈ ਕੱਪੜਾ ਖਰੀਦਣਾ ਚਾਹੁੰਦੀ ਹੈ । ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਉੱਚਿਤ ਵਸਤਰ ਦਾ ਡਿਜ਼ਾਈਨ ਚੁਣਨ ਵਿੱਚ ਉਨ੍ਹਾਂ ਦੀ ਸਹਾਇਤਾ ਕਰੋ । *1*

(i) ਵੱਡੀਆਂ ਗੋਲਾਕਾਰ ਵਕਰ ਰੇਖਾਵਾਂ

(ii) ਹੋਰੀਜ਼ੌਂਟਲ ਰੇਖਾਵਾਂ

(iii) ਛੋਟੀਆਂ ਕਲਾਕ੍ਰਿਤੀਆਂ ਜਾਂ ਛਪਾਈ

(iv) ਖੜ੍ਹੀਆਂ ਰੇਖਾਵਾਂ

ਸਹੀ ਵਿਕਲਪ ਚੁਣੋ :

(a) (i) ਅਤੇ (ii) (b) (ii) ਅਤੇ (iv)

(c) (ii) ਅਤੇ (iii) (d) (iii) ਅਤੇ (iv)

## ਕੇਸ ਸਟਡੀ–ਆਧਾਰਿਤ ਪ੍ਰਸ਼ਨ

*ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪ੍ਰਸ਼ਨ ਸੰਖਿਆ **14** ਤੋਂ **18** ਤੱਕ ਦੇ ਉੱਤਰ ਦਿਉ ।*

ਖਾਧ ਸੁਰੱਖਿਆ ਅਤੇ ਗੁਣਵੱਤਾ ਘਰੇਲੂ ਪੱਧਰ ਉੱਤੇ ਮਹੱਤਵਪੂਰਨ ਹਨ, ਪਰ ਵੱਡੇ ਪੈਮਾਨੇ ਉੱਤੇ ਖਾਧ ਉਤਪਾਦਨ ਅਤੇ ਸੰਸਾਧਨ ਇੱਥੋ ਤੱਕ ਕਿ ਜਿਥੇ ਤਾਜ਼ਾ ਭੋਜਨ ਬਣਾਇਆ ਤੇ ਪਰੋਸਿਆ ਜਾਂਦਾ ਹੈ, ਉੱਥੇ ਇਹ ਸਥਿਤੀ ਗੰਭੀਰ ਹੁੰਦੀ ਹੈ । ਪੁਰਾਣੇ ਸਮੇਂ ਵਿੱਚ ਬਹੁਤ ਸਾਰੇ ਖਾਧ ਪਦਾਰਥ ਘਰੇਲੂ ਪੱਧਰ ਉੱਤੇ ਸੰਸਾਧਿਤ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਦੀ ਸ਼ੁੱਧੀ ਚਿੰਤਾ ਦਾ ਵਿਸ਼ਾ ਨਹੀਂ ਹੁੰਦੀ ਸੀ । ਤਕਨੀਕੀ ਅਤੇ ਸੰਸਾਧਨ ਵਿੱਚ ਪ੍ਰਗਤੀ, ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਅਤੇ ਬਿਹਤਰ ਖਰੀਦਦਾਰੀ ਦੀ ਸਮਰੱਥਾ ਦੇ ਨਾਲ–ਨਾਲ ਉਪਭੋਗਤਾ ਦੀ ਵਧਦੀ ਮੰਗ ਕਰਕੇ ਕਈ ਤਰ੍ਹਾਂ ਦੇ ਖਾਧ ਉਤਪਾਦਾਂ ਦਾ ਵੱਡੇ ਪੈਮਾਨੇ ਉੱਤੇ ਨਿਰਮਾਣ ਹੋ ਰਿਹਾ ਹੈ ਜਿਵੇ – ਸੰਸਾਧਿਤ ਖਾਧ ਪਦਾਰਥ, ਸਿਹਤ ਵਾਸਤੇ ਖਾਧ/ਵਿਵਹਾਰਕ ਖਾਧ ਪਦਾਰਥ । ਅਜਿਹੇ ਖਾਧ ਪਦਾਰਥਾਂ ਦੀ ਸੁਰੱਖਿਆ ਲਈ ਆਕਲਨ ਦੀ ਜ਼ਰੂਰਤ ਹੁੰਦੀ ਹੈ ।

ਕੱਚੇ ਅਤੇ ਪਕਾਏ ਗਏ ਖਾਧ ਪਦਾਰਥਾਂ ਦੀ ਗੁਣਵੱਤਾ ਦਾ ਸੰਬੰਧ ਜਨ ਸਿਹਤ ਨਾਲ ਹੁੰਦਾ ਹੈ ਅਤੇ ਇਸ ਉੱਤੇ ਧਿਆਨ ਦੇਣ ਦੀ ਲੋੜ ਹੁੰਦੀ ਹੈ । ਪਿਛਲੇ ਦਹਾਕੇ ਵਿਚ, ਪੂਰੇ ਵਿਸ਼ਵ ਦੇ ਨਾਲ–ਨਾਲ ਭਾਰਤ ਵਿੱਚ ਵੀ ਸੁਰੱਖਿਆ ਚੁਣੌਤੀਆਂ ਕਾਫ਼ੀ ਬਦਲ ਗਈਆਂ ਹਨ ਅਤੇ ਖਾਧ ਗੁਣਵੱਤਾ ਅਤੇ ਖਾਧ ਸੁਰੱਖਿਆ ਨਾਲ ਸੰਬੰਧਿਤ ਮਾਮਲਿਆਂ ਨੂੰ ਬਹੁਤ ਜ਼ਿਆਦਾ ਮਹੱਤਵ ਮਿਲਿਆ ਹੈ ।

**14.** ਇਹ ਸੁਨਿਸ਼ਚਤ ਕਰਨਾ ਕਿ ਭੋਜਨ ਮਨੁੱਖੀ ਖਪਤ ਲਈ ਸਵੀਕਾਰਯੋਗ ਹੈ, ਨੂੰ ________ ਕਹਿੰਦੇ ਹਨ । *1*

(a) ਖਾਧ ਸੁਰੱਖਿਆ
(b) ਖਾਧ ਮਾਨਕ
(c) ਖਾਧ ਜ਼ਹਿਰ (ਵਿਸ਼ਾਖਤਾ)
(d) ਖਾਧ ਮੁੱਲ

**15.** ਬਾਜ਼ਾਰ ਵਿੱਚ ਸੰਸਾਧਿਤ ਖਾਧ ਪਦਾਰਥਾਂ ਦੀ ਵਧੱਦੀ ਉਪਲਭਤਾ ਦੇ ਲਈ ਕਿਹੜੇ ਕਾਰਨ ਸਹਾਯਕ ***ਨਹੀਂ*** ਹਨ ? *1*

(i) ਜ਼ਿਆਦਾ ਪ੍ਰਤੀ ਵਿਅਕਤੀ ਆਮਦਨ
(ii) ਮਿਲਾਵਟ
(iii) ਉਪਭੋਗਤਾ ਦੀ ਘਟਦੀ ਮੰਗ
(iv) ਉੱਚ ਮੌਤ ਦਰ
(v) ਖਾਧ ਤਕਨੀਕ ਵਿੱਚ ਪ੍ਰਗਤੀ

ਸਹੀ ਵਿਕਲਪ ਚੁਣੋ :

(a) (i), (ii), (iv)
(b) (ii), (iii), (v)
(c) (i), (iii), (v)
(d) (ii), (iii), (iv)

16. ਭਾਰਤ ਸਰਕਾਰ ਨੇ ਖਾਧ ਸੁਰੱਖਿਆ ਅਤੇ ਮਾਨਕ ਐਕਟ (ਐੱਫ.ਐੱਸ.ਐੱਸ.ਏ.) ਕਿਹੜੇ ਸਾਲ ਵਿੱਚ ਲਾਗੂ ਕੀਤਾ ਸੀ ? *1*

(a) 1974 (b) 2006

(c) 1984 (d) 2018

17. ਖਾਧ ਸੰਕਰਮਨ ਹੇਠਾ ਵਿਚੋਂ ਕਿਹੜੇ ਕਾਰਨਾਂ ਤੋਂ ਉਤਪੰਨ ਹੁੰਦਾ ਹੈ ? *1*

(i) ਨਾਕਾਫ਼ੀ ਪਾਕ ਕ੍ਰਿਆ

(ii) ਪਾਰ–ਕਨਟੈਮੀਨੇਸ਼ਨ

(iii) ਬਾਰ–ਬਾਰ ਸਾਬਨ ਨਾਲ ਹੱਥ ਧੋਣ ਨਾਲ

(iv) ਸਾਫ ਤਖ਼ਤੇ ਉੱਤੇ ਕੱਚਾ ਮੀਟ ਕੱਟਣ ਨਾਲ

(v) ਭੋਜਨ ਬਗੈਰ ਢਕੇ ਬਾਹਰ ਰਖਣਾ

ਸਹੀ ਵਿਕਲਪ ਚੁਣੋ :

(a) (i), (ii), (iii) (b) (ii), (iii), (v)

(c) (iii), (iv), (v) (d) (i), (ii), (v)

18. ਹੇਠ ਲਿਖਿਆਂ ਵਿੱਚੋਂ ਕਿਹੜੇ ਭੋਜਨ ਦੇ ਭੌਤਿਕ ਸੰਕਟ ***ਨਹੀਂ*** ਹਨ ? *1*

(a) ਖਮੀਰ ਅਤੇ ਫਫ਼ੂੰਦੀ (b) ਤਨਾ ਅਤੇ ਬੀਜ

(c) ਵਾਲ ਅਤੇ ਖੰਭ (d) ਕਿੱਲ ਅਤੇ ਬੋਲਟ

## ਖੰਡ ਅ

19. ਕਿਸ਼ੋਰ ਨਿਆਂ ਕਾਨੂੰਨ ਅਨੁਸਾਰ ਦੇਖਭਾਲ ਅਤੇ ਸੁਰੱਖਿਆ ਦੀ ਜ਼ਰੂਰਤ ਵਾਲੇ ਬੱਚਿਆਂ ਦੇ ਕੋਈ ਚਾਰ ਵਰਗਾਂ ਦੀ ਸੂਚੀ ਬਣਾਉ । *2*

20. ਐੱਫ.ਐੱਸ.ਐੱਸ.ਏ.ਆਈ. ਅਨੁਸਾਰ ਪੋਸ਼ਣ ਔਸਧ ਕੀ ਹੈ ? ਕੋਈ ਇੱਕ ਉਦਾਹਰਨ ਦਿਉ । *2*

21. (a) 'ਕਿਸੀ ਸੰਸਥਾ ਦੇ ਉਤਪਾਦਨ ਵਿੱਚ ਸੁਧਾਰ ਲਿਆਉਣ ਲਈ ਐਰਗੋਨੌਮਿਕਸ ਦੀ ਮਹੱਤਵਪੂਰਨ ਭੂਮਿਕਾ ਹੈ ।' ਐਰਗੋਨੌਮਿਕਸ ਦੇ ਚਾਰ ਲਾਭ ਦੇ ਕੇ ਇਸ ਕਥਨ ਦੀ ਹਮਾਇਤ ਕਰੋ । *2*

**ਜਾਂ**

(b) ਜੀਵਨ ਅਤੇ ਕਾਰਜ ਵਿੱਚਕਾਰ ਸੰਤੁਲਨ ਕਰਨਾ ਆਸਾਨ ਨਹੀਂ ਹੈ । ਇਸ ਸੰਦਰਭ ਵਿੱਚ ਕੰਮ ਦੀ ਥਾਂ ਉੱਤੇ ਜ਼ਰੂਰੀ ਕੋਈ ਚਾਰ ਪ੍ਰਕਿਰਿਆ ਕੌਸ਼ਲ (ਸੌਫ਼ਟ ਸਕੀਲਜ਼) ਦੱਸੋ । *2*

22. (a) (i) ਤੁਹਾਡੀ ਭੈਣ ਗਰਭਵਤੀ ਹੈ । ਉਸ ਨੂੰ ਗਰਭ ਅਵਸਥਾ ਵਿੱਚ ਆਇਓਡੀਨ ਦੀ ਘਾਟ ਕਰਕੇ ਭਰੂਣ ਉੱਤੇ ਹੋਣ ਵਾਲੇ ਦੋ ਪ੍ਰਤੀਕੂਲ ਪ੍ਰਭਾਵਾਂ ਤੋਂ ਜਾਣੂ ਕਰਾਉ ।

(ii) ਆਇਓਡੀਨ ਦੀ ਘਾਟ ਨਾਲ ਹੋਣ ਵਾਲੇ ਰੋਗ ਦਾ ਨਾਂ ਲਿਖੋ । *2*

**ਜਾਂ**

(b) (i) ਸੁਘਨਾ ਇੱਕ ਕਿਸਾਨ ਹੈ । ਉਸ ਦੀ ਅੱਸੀ ਸਾਲਾਂ ਦੀ ਮਾਂ ਬੀਮਾਰ ਹੈ । ਸਿਹਤ ਦੇਖਭਾਲ ਸਹੂਲਤਾਂ ਲਈ ਉਹ ਉਨ੍ਹਾਂ ਨੂੰ ਪਿੰਡ ਵਿੱਚ ਕਿਹੜੀ ਥਾਂ ਲੈ ਕੇ ਜਾਏਗਾ ? ਸਿਹਤ ਦੇਖਭਾਲ ਦੇ ਇਸ ਪੱਧਰ ਦੀ ਪਹਿਚਾਣ ਕਰੋ ।

(ii) ਭਾਰਤ ਵਿੱਚ ਉਪਲਬਧ ਦੋ ਹੋਰ ਸਿਹਤ ਦੇਖਭਾਲ ਦੇ ਪੱਧਰ ਦੱਸੋ । *2*

23. (a) ਪਹਿਲਾਂ ਭਾਰਤੀ ਉਪਗ੍ਰਹਿ ਜਿਸ ਨੂੰ ਵਿਦਿਅਕ ਖੇਤਰ ਦੀ ਸੇਵਾ ਲਈ ਬਣਾਇਆ ਗਿਆ, ਦਾ ਨਾਮ ਦੱਸੋ । *2*

**ਜਾਂ**

(b) ਇਸ ਨੂੰ ਕਦੋਂ ਲਾਂਚ ਕੀਤਾ ਗਿਆ ਸੀ ? *2*

24. (a) ਅਰਧ-ਨਾਸ਼ਵਾਨ ਤੇ ਗ਼ੈਰ-ਨਾਸ਼ਵਾਨ ਪਦਾਰਥਾਂ ਵਿੱਚ ਅੰਤਰ ਕਰੋ । ਹਰੇਕ ਪ੍ਰਕਾਰ ਦਾ ਇੱਕ ਉਦਾਹਰਨ ਦਿਉ । *2*

**ਜਾਂ**

(b) (i) 'ਖਾਧ ਤਕਨੀਕ' ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ ?

(ii) ਕੇਂਦਰੀ ਖਾਧ ਤਕਨੀਕ ਸ਼ੋਧ ਸੰਸਥਾ (ਸੀ.ਐਫ਼.ਟੀ.ਆਰ.ਆਈ.) ਦਾ ਹੈੱਡ ਕਵਾਟਰ ਕਿੱਥੇ ਸਥਿਤ ਹੈ ? *2*

25. ਅਰੁਨ ਨੇ ਇਕ ਡਰਾਈਕਲੀਨ ਸਟੋਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਹੈ । ਉਸ ਨੂੰ ਸਮਝਾਉ ਕਿ ਵਪਾਰਕ ਧੁਆਈ-ਘਰਾਂ ਵਿੱਚ ਵਸਤੂਆਂ ਦਾ ਰਿਕਾਰਡ ਕਿਵੇਂ ਰੱਖਿਆ ਜਾਂਦਾ ਹੈ । *2*

26. (a) ਤੁਹਾਡੀ ਵਡੀ ਭੈਣ ਸ਼ੁਰੂਆਤੀ ਬਾਲ ਅਵਸਥਾ ਪ੍ਰੋਫ਼ੈਸਨਲ ਬਣਨਾ ਚਾਹੁੰਦੀ ਹੈ । ਇਸ ਖੇਤਰ ਵਿੱਚ ਜ਼ਰੂਰੀ ਦੋ ਵਿਦਿਅਕ ਯੋਗਤਾਵਾਂ ਅਤੇ ਈ.ਸੀ.ਸੀ.ਈ. ਦੇ ਚਾਰ ਕਾਰਜ ਖੇਤਰਾਂ ਦਾ ਉਨ੍ਹਾਂ ਨੂੰ ਸੁਝਾਅ ਦਿਉ । *3*

**ਜਾਂ**

(b) ਅਮਿਤ ਆਪਣੇ ਨਵੇਂ ਖੋਲੇ ਗਏ ਸਕੂਲ-ਪੂਰਵ ਕੇਂਦਰ ਲਈ ਈ.ਸੀ.ਸੀ.ਈ. ਪ੍ਰੋਫ਼ੈਸ਼ਨਲਾਂ ਦੀ ਭਰਤੀ ਕਰ ਰਿਹਾ ਹੈ । ਉਨਹਾਂ ਦੀ ਚੋਣ ਕਰਦੇ ਸਮੇਂ ਉਸ ਨੂੰ ਕਿਹੜੇ ਛੇ ਕੌਸ਼ਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? *3*

**27.** (a) ਨੀਰੂ ਹੱਥ ਨਾਲ ਕਸੀਦਾਕਾਰੀ ਕਰਨ ਵਿੱਚ ਨਿਪੁੰਨ ਹੈ । ਇਸ ਕੌਸ਼ਲ ਨੂੰ ਉਹ ਕੱਪੜਿਆਂ ਉੱਤੇ ਮਹੱਤਵ ਦੇਣ ਲਈ ਕਿਵੇਂ ਵਰਤ ਸਕਦੀ ਹੈ ? ਦੋ ਉਦਾਹਰਨ ਦਿਉ ।

(b) ਤੁਸੀਂ ਗ੍ਰੇ ਸਕੇਲ ਤੋਂ ਕੀ ਸਮਝਦੇ ਹੋ ? *2+1=3*

**28.** (a) 'ਮਹਿਮਾਨ ਉਦਯੋਗ ਵਿੱਚ ਯੁਵਾ ਕਾਰਜ ਬਲ ਦੇ ਮੁੱਖ ਭਾਗ ਹੁੰਦੇ ਹਨ ।' ਇਸ ਕਥਨ ਦੀ ਹਮਾਇਤ ਵਿੱਚ ਆਪਣੇ ਉੱਤਰ ਦੀ ਪੁਸ਼ਟੀ ਚਾਰ ਕਾਰਨ ਦੇ ਕੇ ਕਰੋ ।

(b) ਕੋਈ ਦੋ ਤਰ੍ਹਾਂ ਦੀਆਂ ਸੰਸਥਾਵਾਂ ਦੇ ਨਾਂ ਦੱਸੋ ਜੋ ਮਹਿਮਾਨ ਸੇਵਾਵਾਂ ਪ੍ਰਦਾਨ ਕਰਦੀਆਂ ਹਨ । *2+1=3*

**29.** ਹੇਠ ਲਿਖਿਆਂ ਵਿੱਚੋਂ ਹਰੇਕ ਦੇ ਕੋਈ ਦੋ ਉਦਾਹਰਨ ਦਿਉ – *3*

(a) ਖਾਧ ਪੁਸ਼ਟੀਕਰਨ

(b) ਖਾਧ ਡੈਰੀਵੇਟਿਵ

(c) ਸੁਰੱਖਿਅਤ ਖਾਧ

## ਖੰਡ ਏ

**30.** (a) (i) ਤੁਹਾਡੇ ਸਕੂਲ ਵਿੱਚ 'ਵਿਸ਼ਵ ਉਪਭੋਗਤਾ ਅਧਿਕਾਰ ਦਿਵਸ' ਉੱਤੇ ਇੱਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਾ ਰਿਹਾ ਹੈ । ਇਸ ਵਿੱਚ ਤੁਸੀਂ ਵਿਦਿਆਰਥੀਆਂ ਨੂੰ ਉਪਭੋਗਤਾ ਸਿਖਲਾਈ ਅਤੇ ਸੁਰੱਖਿਆ ਲਈ ਪ੍ਰੇਰਿਤ ਕਰਨਾ ਹੈ । ਇਸ ਖੇਤਰ ਵਿੱਚ ਉਪਲਬਧ ਤਿੰਨ ਜੀਵਿਕਾ ਦੇ ਅਵਸਰਾਂ ਦੀ ਸੂਚੀ ਬਣਾਉ ।

(ii) ਉਪਭੋਗਤਾ ਅਧਿਐਨ ਦੇ ਖੇਤਰ ਵਿੱਚ ਸਫਲ ਹੋਣ ਲਈ ਕਿਹੜੇ ਚਾਰ ਕੌਸ਼ਲ ਜ਼ਰੂਰੀ ਹਨ ? *3+1=4*

**ਜਾਂ**

(b) (i) 'ਵਸਤੂਆਂ ਨੂੰ ਖਰੀਦਣ ਸਮੇਂ ਜਾਂ ਸੇਵਾਵਾਂ ਦੀ ਵਰਤੋ ਸਮੇਂ ਉਪਭੋਗਤਾ ਕਈ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ ।' ਕੋਈ ਤਿੰਨ ਉਪਭੋਗਤਾ ਸਮੱਸਿਆਵਾਂ ਦੱਸੋ ।

(ii) ਉਪਭੋਗਤਾ ਸੁਰੱਖਿਆ ਅਧਿਨਿਯਮ, 1986 ਕਿਹੜੇ ਸਾਲ ਵਿੱਚ ਬਦਲਿਆ ਗਿਆ ? *3+1=4*

**31.** ਕਮਲਾ ਦਾ ਦੋ ਸਾਲਾਂ ਦਾ ਬੱਚਾ ਕੁਪੋਸ਼ਿਤ ਹੈ ।

(a) (i) 'ਬੌਣਾਪਣ' ਅਤੇ 'ਵੇਸਟਿੰਗ' (ਡੀਕੇਇੰਗ) ਵਿਚ ਅੰਤਰ ਦੀ ਪਛਾਣ ਕਰਨ ਵਿੱਚ ਉਸ ਦੀ ਮਦਦ ਕਰੋ ।

(ii) ਕੁਪੋਸ਼ਣ ਘਟਾਉਣ ਲਈ ਸਰਕਾਰ ਵੱਲੋਂ ਅਪਣਾਏ ਗਏ ਕੋਈ ਦੋ ਦਖ਼ਲਾਂ/ਰਣਨੀਤੀਆਂ ਬਾਰੇ ਉਸ ਨੂੰ ਸੂਚਿਤ ਕਰੋ । *2+2=4*

**ਜਾਂ**

(b) ਤੁਹਾਡਾ ਭਰਾ ਨਿਦਾਨਿਕ ਪੋਸ਼ਨ ਅਤੇ ਆਹਾਰ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨਾ ਚਾਹੁੰਦਾ ਹੈ ।

(i) ਇੱਕ ਨਿਦਾਨਿਕ ਪੋਸ਼ਨ ਮਾਹਿਰ ਚਾਰ ਗਿਆਨ ਅਤੇ ਕੌਸ਼ਲ ਦੱਸ ਕੇ ਉਸ ਦਾ ਮਾਰਗਦਰਸ਼ਨ ਕਰੋ ।

(ii) ਉਸ ਨੂੰ ਇਸ ਖੇਤਰ ਵਿੱਚ ਉਪਲਬਧ ਜੀਵਿਕਾ ਦੇ ਕੋਈ ਚਾਰ ਮੌਕਿਆ ਦਾ ਸੁਝਾਅ ਦਿਉ । *2+2=4*

**32.** (a) ਟੀਚੇ ਦੇ ਬਾਜ਼ਾਰ (ਟਾਰਗੈਟ ਮਾਰਕੀਟ) ਕੀ ਹਨ ? ਛੇ ਵਪਾਰਕ ਅਧਿਕਾਰਾਂ ਦਾ ਜ਼ਿਕਰ ਕਰੋ । *4*

**ਜਾਂ**

(b) ਇਕ ਫੈਸਨ ਵਪਾਰੀ ਨੂੰ ਬਾਜ਼ਾਰ ਵੰਡਣ ਦੇ ਚਾਰ ਤਰੀਕੇ ਦਸੋ । *1×4=4*

**33.** (a) ਭਾਰਤ ਵਿੱਚ ਬਜ਼ੁਰਗਾਂ ਦੀ ਜਨਸੰਖਿਆ ਵਿੱਚ ਸੰਵੇਦਨਸ਼ੀਲਤਾ ਦੇ ਦੋ ਸੰਭਾਵੀ ਕਾਰਨ ਲਿਖੋ ।

(b) ਸਾਡੇ ਦੇਸ਼ ਵਿੱਚ ਬਜ਼ੁਰਗਾਂ ਲਈ ਚਲਾਏ ਜਾ ਰਹੇ ਤਿੰਨ ਪ੍ਰੋਗ੍ਰਾਮਾਂ ਦੀ ਸੂਚੀ ਬਣਾਉ । *1+3=4*

**34.** (a) (i) ਖਾਧ ਸੰਸਾਧਨ ਅਤੇ ਤਕਨੀਕ ਦੇ ਵਿਕਾਸ ਵਿੱਚ ਨਿਕੋਲਸ ਅਪਰਟ ਅਤੇ ਲੂਈ ਪਾਸ਼ਚਰ ਦੇ ਯੋਗਦਾਨ ਦੀ ਚਰਚਾ ਕਰੋ ।

(ii) ਖਾਧ ਸੰਸਾਧਨ ਅਤੇ ਸੁਰੱਖਿਆ ਦਾ ਕੀ ਮਹੱਤਵ ਹੈ ? ਕੋਈ ਤਿੰਨ ਨੁਕਤੇ ਲਿਖੋ । *2+3=5*

**ਜਾਂ**

(b) (i) ਖਾਧ ਮਾਲਕਾਂ ਦੇ ਖੇਤਰ ਵਿਚ ਕਿਸੇ ਦੋ ਅੰਤਰਰਾਸ਼ਟਰੀ ਸੰਸਥਾਵਾਂ ਦਾ ਨਾਮ ਦਸੋ ।

(ii) ਉੱਤਮ ਨਿਰਮਾਨ ਪੱਧਤੀ (ਜੀ.ਐੱਮ.ਪੀ.) ਅਤੇ ਉੱਤਮ ਨਿਪਟਨ ਪੱਧਤੀ (ਜੀ.ਐੱਚ.ਪੀ.) ਦੁਆਰਾ, ਆਹਾਰ ਲੜੀ ਦੇ ਕਿਸੀ ਵੀ ਪੜਾਅ ਵਿੱਚ ਖਾਧ ਸੁਰੱਖਿਆ ਅਤੇ ਗੁਣਵੱਤਾ ਕਿਵੇਂ ਸੁਨਿਸ਼ਚਿਤ ਕੀਤੀ ਜਾ ਸਕਦੀ ਹੈ ? *2+3=5*

**35.** 'ਫੈਸ਼ਨ ਇੱਕ ਚੱਕਰ ਦੇ ਰੂਪ ਵਿੱਚ ਬਦਲਦਾ ਹੈ ।' ਇਸ ਕਥਨ ਦੇ ਸੰਦਰਭ ਵਿੱਚ ਫੈਸ਼ਨ ਚੱਕਰ ਦੀਆਂ ਪੰਜ ਪੱਧਰਾਂ ਨੂੰ ਸੰਖੇਪ ਵਿੱਚ ਸਮਝਾਉ । *1×5=5*